# ਟਾਟਾ ਟੀ ਅਤੇ ਐੱਫ. ਸੀ. ਮਿਲਾਨੋ ਦਾ ਦੇਸ਼ 'ਚ ਫੁੱਟਬਾਲ ਪ੍ਰਤਿਭਾ ਖੋਜ ਅਭਿਆਨ ਸ਼ੁਰੂ

ਚੰਡੀਗੜ੍ਹ, 18 ਜਨਵਰੀ (ਯੂ. ਐੱਨ. ਆਈ.)-ਚਾਹ ਦੀ ਕੰਪਨੀ ਟਾਟਾ ਟੀ ਤੇ ਇਟਲੀ ਦੇ ਫੁੱਟਬਾਲ ਕਲੱਬ ਐੱਫ. ਸੀ. ਇੰਟਰਨੈਸ਼ਨਲ ਮਿਲਾਨੋ (ਇੰਟਰ ਮਿਲਾਨ) ਦੇਸ਼ ਵਿਚ ਅੰਡਰ-15 ਉਮਰ ਵਰਗ ਵਿਚ 16 ਫੁੱਟਬਾਲ ਪ੍ਰਤਿਭਾਵਾਂ ਦੀ ਖੋਜ ਕਰੇਗਾ।

ਪੰਜਵਾਂ ਅਖਿਲ ਭਾਰਤੀ ਟਾਟਾ ਟੀ ਜਾਗੋ ਰੇ ਕੀ ਇੰਟਰ ਮਿਲਾਨ ਸਾਕਰ ਸਟਾਰ ਨਾਮਕ ਇਹ ਲੱਗਭਗ ਤਿੰਨ ਮਹੀਨਿਆਂ ਦਾ ਪ੍ਰਤਿਭਾ ਖੋਜ ਅਭਿਆਨ ਯੋਜਨਾਬੱਧ ਢੰਗ ਨਾਲ ਦੇਸ਼ ਦੇ 15 ਸ਼ਹਿਰਾਂ ਵਿਚ ਜਾਵੇਗਾ ਤੇ ਉੱਥੇ ਦੇ ਵੱਖ-ਵੱਖ ਸਕੂਲਾਂ ਵਿਚਾਲੇ ਅੰਡਰ-15 ਉਮਰ ਵਰਗ ਵਿਚ ਫੁੱਟਬਾਲ ਟੂਰਨਾਮੈਂਟ ਆਯੋਜਿਤ ਕੀਤੇ ਜਾਣਗੇ ਤੇ ਇਨ੍ਹਾਂ 'ਚ ਪ੍ਰਦਰਸ਼ਨ ਦੇ ਆਧਾਰ 'ਤੇ ਦੇਸ਼ ਭਰ ਵਿਚ 35 ਫੁੱਟਬਾਲ ਪ੍ਰਤਿਭਾਸ਼ਾਲੀ ਖਿਡਾਰੀਆਂ ਦੀ ਚੋਣ ਕੀਤੀ ਜਾਵੇਗੀ।

ਟੂਰਨਾਮੈਂਟ ਹੈੱਡ ਸਕਾਊਟ ਜਮਸ਼ੀਦ ਨਾਸਿਰੀ ਨੇ ਯੂ. ਐੱਨ. ਆਈ. ਨੂੰ ਦੱਸਿਆ ਕਿ ਇਸ ਅਭਿਆਨ ਵਿਚ ਲੱਗਭਗ 1300 ਸਕੂਲ ਭਾਗ ਲੈਣਗੇ ਤੇ ਇਨ੍ਹਾਂ 'ਚੋਂ ਸ੍ਰੇਸ਼ਠ ਪ੍ਰਦਰਸ਼ਨ ਦੇ ਆਧਾਰ 'ਤੇ ਚੁਣੇ ਗਏ 35 ਖਿਡਾਰੀਆਂ ਲਈ ਅਪ੍ਰੈਲ ਮਹੀਨੇ ਵਿਚ ਕੋਲਕਾਤਾ ਵਿਚ ਇਕ ਟ੍ਰੇਨਿੰਗ ਕੈਂਪ ਆਯੋਜਿਤ ਕੀਤਾ ਜਾਵੇਗਾ, ਜਿਸ ਵਿਚ ਆਖਿਰ 16 ਖਿਡਾਰੀਆਂ ਦੀ ਟੀਮ ਚੁਣੀ ਜਾਵੇਗੀ, ਜਿਹੜੀ ਇਟਲੀ ਵਿਚ ਵੱਖ-ਵੱਖ ਕੌਮਾਂਤਰੀ ਟੂਰਨਾਮੈਂਟ ਖੇਡੇਗੀ।